**Annual syllabus**

**Session- 2024-25**

**Class-VIII**

**Subject-Punjabi**

| **ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਸਿੱਖਣ ਉਦੇਸ਼** | **ਸਿੱਖਣ ਨਤੀਜੇ (ਸੁਝਾਤਮਕ)** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-1**<br>**ਕਿੰਨਾ ਸੁਹਣਾ ਦੇਸ ਇਹ ਸਾਡਾ**<br>**(ਗੀਤ)** | ਭਾਰਤ ਦੇਸ ਦੀ ਵਿਲੱਖਣਤਾ ਅਤੇ ਖੁਸ਼ਹਾਲੀ ਬਾਰੇ ਵਰਨਣ ਹੈ। | **ਛੇਵੀਂ-**<br>ਵਾਕ ਬਣਾਉ।<br>**ਸੱਤਵੀਂ-**<br>ਵਾਕ ਬਣਾਉ।<br>**ਅੱਠਵੀਂ-**<br>ਵਾਕ ਬਣਾਉ। | -ਵਿਦਿਆਰਥੀ ਕਵਿਤਾ ਵਿਧਾ ਤੋਂ ਜਾਣੂ ਹੋਣਗੇ।<br>-ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਨਗੇ।<br>-ਕਵਿਤਾ ਦੇ ਸਰਲ-ਅਰਥ ਅਤੇ ਵਿਸ਼ਾ-ਵਸਤੂ ਦੱਸ ਸਕਣਗੇ।<br>-ਆਪਣੇ ਦੇਸ਼ ਦੀ ਵਿਲੱਖਣਤਾ ਉੱਪਰ ਮਾਣ ਮਹਿਸੂਸ ਕਰਨਗੇ। | **ਵਿਦਿਆਰਥੀ**<br>-ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>-ਆਪਣੇ ਦੇਸ ਦੀ ਵੰਨ-ਸੁਵੰਨਤਾ ਬਾਰੇ ਜਾਣਕਾਰੀ ਹਾਸਲ ਕਰਦੇ ਹਨ। | -ਕਵਿਤਾ ਦਾ ਉਚਾਰਣ ਕਰਦੇ ਸਮੇਂ ਵਿਦਿਆਰਥੀਆਂ ਦੀਆਂ ਉਚਾਰਣ ਅਸ਼ੁੱਧੀਆਂ ਨੂੰ ਸ਼ੁੱਧ ਕਰਾਉਣਾ।<br>- 'ਦੇਸ ਪਿਆਰ' ਵਿਸ਼ੇ ਉੱਤੇ ਪੰਜ ਸਤਰਾਂ ਲਿਖਣ ਲਈ ਦੇਣਾ। |
| **ਪਾਠ-2**<br>**ਸਬਕ**<br>**(ਕਹਾਣੀ)** | ਕਿਰਤੀਆਂ ਉੱਪਰ ਜ਼ੁਲਮ ਕਰਨ ਵਾਲੇ ਨੂੰ ਸਬਕ ਸਿਖਾਉਣ ਬਾਰੇ ਕਹਾਣੀ ਹੈ। | **ਛੇਵੀਂ-**<br>ਨਾਂਵ ਸ਼ਬਦਾਂ ਦੀ ਪਛਾਣ।<br>**ਸੱਤਵੀਂ-**<br>ਨਾਂਵ,ਪੜਨਾਂਵ ਅਤੇ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ।<br>**ਅੱਠਵੀਂ-**ਕਿਰਿਆ,ਕਿਰਿਆ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ। | **ਵਿਦਿਆਰਥੀ**<br>-ਕਹਾਣੀ ਵਿਧਾ ਤੋਂ ਜਾਣੂ ਹੋਣਗੇ।<br>-ਵਿਦਿਆਰਥੀਆਂ ਦੇ ਗਿਆਨ, ਕਲਪਨਾ ਸ਼ਕਤੀ ਅਤੇ ਸਿਰਜਨਾਤਮਕਤਾ ਵਿੱਚ ਵਾਧਾ ਹੋਵੇਗਾ।<br>-ਕਹਾਣੀ ਤੋਂ ਪ੍ਰੇਰਣਾ ਲੈ ਸਕਣਗੇ।<br>-ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਸਿੱਖਣਗੇ। | **ਵਿਦਿਆਰਥੀ**<br>-ਕਹਾਣੀ ਪੜ੍ਹਦੇ ਅਤੇ ਵਿਸ਼ਾ ਵਸਤੂ ਸਮਝਦੇ ਹਨ।<br>-ਕਿਰਿਆ ਅਤੇ ਕਿਰਿਆ ਵਿਸ਼ੇਸ਼ਣ ਚੁਣ ਕੇ ਖਾਲੀ ਥਾਵਾਂ ਭਰਦੇ ਹਨ। | -ਲੋੜਵੰਦ ਦੀ ਮਦਦ ਕਰਨ ਬਾਰੇ ਕੋਈ ਕਹਾਣੀ ਜਾਂ ਵਿਚਾਰ ਸਾਂਝਾ ਕਰਨਾ।<br>-ਕਿਰਿਆ,ਕਿਰਿਆ ਵਿਸ਼ੇਸ਼ਣ ਦੇ ਵਿਹਾਰਕ ਗਿਆਨ ਸੰਬੰਧੀ ਕੋਈ ਵਰਕਸ਼ੀਟ ਤਿਆਰ ਕਰਕੇ ਵਿਦਿਆਰਥੀਆਂ ਨੂੰ ਹਲ ਕਰਨ ਲਈ ਦੇਣਾ। |

| ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-3**<br>**ਪੋਂਗਲ**<br>**(ਲੇਖ)** | ਤਾਮਿਲਨਾਡੂ ਦੇ ਪ੍ਰਸਿੱਧ ਤਿਉਹਾਰ ਪੋਂਗਲ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। | **ਛੇਵੀਂ-**<br>ਨਾਂਵ ਸ਼ਬਦਾਂ ਦੀ ਪਛਾਣ ਕਰਨਾ।<br>**ਸੱਤਵੀਂ-** ਨਾਂਵ,ਪੜਨਾਂਵ ਅਤੇ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ।<br>**ਅੱਠਵੀਂ-**<br>ਕਿਰਿਆ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ। | -ਵਿਦਿਆਰਥੀ ਲੇਖ ਦੀ ਵਿਧਾ ਤੋਂ ਜਾਣੂ ਹੋਣਗੇ।<br>-ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੇ ਮਹੱਤਵ ਦੀ ਜਾਣਕਾਰੀ ਹਾਸਲ ਕਰਨਗੇ।<br>-ਮੇਲਿਆਂ ਅਤੇ ਤਿਉਹਾਰਾਂ ਤੋਂ ਆਪਸੀ ਸਾਂਝ ਅਤੇ ਭਾਈਚਾਰੇ ਦੀ ਭਾਵਨਾ ਵਿਕਸਿਤ ਹੋਣ ਬਾਰੇ ਚਰਚਾ ਕਰਨਗੇ।<br>-ਪੋਂਗਲ ਨੂੰ ਮਨਾਉਣ ਦੇ ਢੰਗ ਬਾਰੇ ਜਾਣਕਾਰੀ ਹਾਸਲ ਕਰਨਗੇ। | **ਵਿਦਿਆਰਥੀ**<br>- 'ਪੋਂਗਲ' ਤਿਉਹਾਰ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ।<br>-ਤਿਉਹਾਰਾਂ ਦੇ ਮਾਧਿਅਮ ਨਾਲ ਏਕਤਾ ਅਤੇ ਭਾਈਚਾਰਕ ਸਾਂਝ ਦਾ ਗੁਣ ਸਿੱਖਦੇ ਹਨ। | -ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੀ ਸੂਚੀ ਤਿਆਰ ਕਰਵਾਉਣਾ।<br>-ਵਿਦਿਆਰਥੀਆਂ ਦੇ ਮਨਪਸੰਦ ਤਿਉਹਾਰ ਬਾਰੇ ਕੋਈ ਡਰਾਇੰਗ ਬਣਵਾ ਕੇ ਪੰਜ ਸਤਰਾਂ ਵਿੱਚ ਵਰਨਣ ਕਰਵਾਉਣਾ।<br>-ਪਾਠ ਵਿੱਚ ਆਈਆਂ ਵੱਖ-ਵੱਖ ਵਿਆਕਰਨ ਸ਼੍ਰੇਣੀਆਂ ਦੇ ਸ਼ਬਦਾਂ ਦੀ ਅਲੱਗ-ਅਲੱਗ ਸੂਚੀ ਬਣਵਾਉਣਾ। |
| **ਪਾਠ-4**<br>**ਦਸ ਰੁਪਏ ਦਾ ਅਜੀਬ ਨੋਟ**<br>**(ਕਹਾਣੀ)** | ਇਸ ਕਹਾਣੀ ਵਿੱਚ ਸਾਫ਼-ਸਫ਼ਾਈ ਰੱਖਣ ਬਾਰੇ ਸਿੱਖਿਆ ਦਿੱਤੀ ਗਈ ਹੈ। | **ਛੇਵੀਂ-**<br>ਨਾਂਵ ਸ਼ਬਦਾਂ ਦੀ ਪਛਾਣ।<br>**ਸੱਤਵੀਂ-**<br>ਨਾਂਵ,ਪੜਨਾਂਵ ਅਤੇ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ।<br>**ਅੱਠਵੀਂ-**<br>ਵਿਸਰਾਮ ਚਿੰਨ | -ਵਿਦਿਆਰਥੀ ਕਹਾਣੀ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੋਣਗੇ।<br>-ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਬਾਰੇ ਪ੍ਰੇਰਿਤ ਹੋਣਗੇ। | **ਵਿਦਿਆਰਥੀ**<br>-ਸਾਫ-ਸਫਾਈ ਦਾ ਮਹੱਤਵ ਸਮਝਦੇ ਹਨ।<br>-ਵਿਸਰਾਮ ਚਿੰਨ ਵਰਤੋਂ ਦਾ ਅਭਿਆਸ ਕਰਦੇ ਹਨ। | - 'ਸਫ਼ਾਈ ਅਭਿਆਨ' ਸੰਬੰਧੀ ਡਰਾਇੰਗ ਬਣਵਾਉਣਾ।<br>-ਵਿਸਰਾਮ ਚਿੰਨ ਲਗਾਉਣ ਲਈ ਕੋਈ ਪੈਰਾ ਦੇਣਾ। |

| ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-7**<br>**ਇੱਕ ਨਵੀਂ ਸਵੇਰ ਦੀ ਦਾਸਤਾਨ - ਅਰੂਨਿਮਾ ਸਿਨਹਾ** | ਅਰੂਨਿਮਾ ਸਿਨਹਾ ਦੇ ਜੀਵਨ,ਸੰਘਰਸ਼ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਵਿਦਿਆਰਥੀਆਂ ਨੂੰ ਆਪਣੀ ਸਕਾਰਾਤਮਕ ਸੋਚ ਅਤੇ ਜਜ਼ਬੇ ਰਾਹੀਂ ਹਰ ਮੰਜ਼ਲ ਹਾਸਲ ਕਰ ਲੈਣ ਦਾ ਸੁਨੇਹਾ ਦਿੱਤਾ ਗਿਆ ਹੈ। | **ਛੇਵੀਂ-**<br>ਵਚਨ,ਲਿੰਗ ਅਤੇ ਵਿਰੋਧੀ ਸ਼ਬਦ।<br>**ਸੱਤਵੀਂ-** ਵਚਨ,ਲਿੰਗ ਅਤੇ ਵਿਰੋਧੀ ਸ਼ਬਦ। **ਅੱਠਵੀਂ-** ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ। | -ਵਿਦਿਆਰਥੀ ਅਰੂਨਿਮਾ ਸਿਨਹਾ ਦੇ ਸੰਘਰਸ਼ਾਂ ਤੋਂ ਪ੍ਰੇਰਿਤ ਹੋਣਗੇ।<br>-ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਵਿਦਿਆਰਥੀ ਜੀਵਨ ਵਿੱਚ ਮਹੱਤਵ ਨੂੰ ਸਮਝਣਗੇ।<br>-ਜੀਵਨ ਵਿੱਚ ਸਦਾ ਸਕਾਰਾਤਮਕ ਰਹਿਣ ਦੇ ਨਜ਼ਰੀਏ ਨੂੰ ਅਪਣਾਉਣਗੇ। | **ਵਿਦਿਆਰਥੀ**<br>-ਵਿਦਿਆਰਥੀ ਜੀਵਨੀ ਵਿੱਚ ਆਏ ਵਿਚਾਰਾਂ ਨੂੰ ਸਮਝਦੇ ਹਨ।<br>-ਅਰੂਨਿਮਾ ਸਿਨਹਾ ਵਰਗੇ ਖਿਡਾਰੀਆਂ ਬਾਰੇ ਹੋਰ ਜਾਣਕਾਰੀ ਇਕੱਠੀ ਕਰਦੇ ਹਨ। | -ਮੁਸੀਬਤ ਦੇ ਸਮੇਂ ਹਿੰਮਤ ਤੋਂ ਕੰਮ ਲੈਣ ਬਾਰੇ ਵਿਚਾਰ ਚਰਚਾ ਕਰਨਾ।<br>-ਵਿਸ਼ੇਸ਼ ਯੋਗਤਾ ਰੱਖਦੇ ਖਿਡਾਰੀਆਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਕਾਪੀ ਵਿੱਚ ਚਿਪਕਾਉਣਾ।<br>- 'ਮਾਉਂਟ ਐਵਰਸਟ' ਬਾਰੇ ਪੰਜ ਸਤਰਾਂ ਲਿਖਣ ਲਈ ਦੇਣਾ।<br>-ਜਮਾਤ ਵਿੱਚ ਹਰੇਕ ਵਰਗ ਨਾਲ ਸੰਬੰਧਤ ਵਿਦਿਆਰਥੀ ਦੀ ਹਰੇਕ ਗਤੀਵਿਧੀ ਵਿੱਚ ਭਾਗੀਦਾਰੀ ਯਕੀਨੀ ਬਣਾਉਣਾ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਕੋਈ ਰਾਸ਼ਟਰੀ ਤਿਉਹਾਰ<br>ਪੱਤਰ- ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | ਵਿਦਿਆਰਥੀ<br>-ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਆਕਰਨਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ ਅਤੇ ਅਭਿਆਸ ਕਰਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਹਿਦਾਇਤ ਦੇਣੀ ਅਤੇ ਗਲਤੀਆਂ ਸੋਧਣਾ।<br>-ਕੋਈ ਚਿੱਤਰ ਦੇ ਕੇ ਵਰਨਣ ਕਰਾਉਣਾ। |

- ਉਪਰੋਕਤ ਪਾਠਕ੍ਰਮ 13 ਸਤੰਬਰ 2024 ਤੱਕ ਪੂਰਾ ਕਰ ਲਿਆ ਜਾਵੇ।
- ਪਹਿਲੀ ਟਰਮ ਲਈ ਦੁਹਰਾਈ ਕਾਰਜ ਕਰ ਲਿਆ ਜਾਵੇ।

| ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-11**<br>**ਦਿੱਲੀ ਦਾ ਸਾਂਝਾ ਮੇਲਾ**<br>**(ਲੇਖ)** | ਇਸ ਲੇਖ ਵਿੱਚ ਦਿੱਲੀ ਵਿੱਚ ਮਨਾਏ ਜਾਂਦੇ 'ਫੂਲ ਵਾਲੋਂ ਕੀ ਸੈਰ' ਮੇਲੇ ਦਾ ਇਤਿਹਾਸਕ ਪਿਛੋਕੜ ਅਤੇ ਵਿਲੱਖਣਤਾ ਦੱਸਦੇ ਹੋਏ ਦਿੱਲੀ ਦੇ ਸੰਦਰਭ ਵਿੱਚ ਇਸਦੇ ਸਾਂਝੇ ਸੱਭਿਆਚਾਰਕ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। | **ਛੇਵੀਂ-**<br>ਨਾਂਵ ਸ਼ਬਦਾਂ ਦੀ ਪਛਾਣ ਕਰਨਾ।<br>**ਸੱਤਵੀਂ-**<br>ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ।<br>**ਅੱਠਵੀਂ-**<br>ਵਿਸ਼ੇਸ਼ਣ ਸ਼ਬਦਾਂ ਦੀ ਪਛਾਣ। | -ਦਿੱਲੀ ਵਿੱਚ ਮਨਾਏ ਜਾਂਦੇ ਮੇਲਿਆਂ ਬਾਰੇ ਜਾਣਕਾਰੀ ਹਾਸਲ ਕਰਨਗੇ।<br>-'ਫੂਲ ਵਾਲੋਂ ਕੀ ਸੈਰ'ਮੇਲੇ ਦਾ ਇਤਿਹਾਸ ਅਤੇ ਵਿਲੱਖਣਤਾ ਬਾਰੇ ਚਰਚਾ ਕਰਨਗੇ।<br>- ਵਿਦਿਆਰਥੀਆਂ ਵਿੱਚ ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਹੋਵੇਗਾ। | **ਵਿਦਿਆਰਥੀ**<br>-ਵਿਦਿਆਰਥੀ ਦਿੱਲੀ ਦੇ ਇਸ ਵਿਲੱਖਣ ਮੇਲੇ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ।<br>-ਆਪਸੀ ਮੇਲ-ਜੋਲ ਦੀ ਭਾਵਨਾ ਦਾ ਮਹੱਤਵ ਸਮਝਦੇ ਹਨ।<br>-ਵਿਸ਼ੇਸ਼ਣ ਸ਼ਬਦਾਂ ਨੂੰ ਪਛਾਣਦੇ ਹਨ। | -ਦਿੱਲੀ ਵਿੱਚ ਮਨਾਏ ਜਾਂਦੇ ਹੋਰ ਮੇਲਿਆਂ ਬਾਰੇ ਜਾਣਕਾਰੀ ਇਕੱਠੀ ਕਰਵਾਉਣਾ।<br>-ਵਿਦਿਆਰਥੀਆਂ ਦੁਆਰਾ ਕਿਸੇ ਅੱਖੀਂ ਡਿੱਠੇ ਮੇਲੇ ਦਾ ਅਨੁਭਵ ਜਮਾਤ ਵਿੱਚ ਸੁਣਨਾ। |
| **ਪਾਠ-12**<br>**ਇੱਕ ਪਿਆਲਾ ਪਾਣੀ**<br>**(ਕਵਿਤਾ)** | ਅਕਬਰ ਅਤੇ ਬੀਰਬਲ ਦੇ ਵਾਰਤਾਲਾਪ ਰਾਹੀਂ ਸਾਡੇ ਜੀਵਨ ਵਿੱਚ ਜਲ ਦੇ ਮਹੱਤਵ ਨੂੰ ਦੱਸਿਆ ਗਿਆ ਹੈ। | **ਛੇਵੀਂ-**<br>ਵਾਕ ਬਣਾਉ।<br>**ਸੱਤਵੀਂ-**<br>ਵਾਕ ਬਣਾਉ।<br>**ਅੱਠਵੀਂ-**<br>ਮੁਹਾਵਰੇ (ਬਹੁਵਿਕਲਪੀ) | -ਵਿਦਿਆਰਥੀ ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਨਗੇ।<br>-ਕਵਿਤਾ ਦਾ ਵਿਸ਼ਾ-ਵਸਤੂ ਸਮਝਣਗੇ।<br>-ਵਿਦਿਆਰਥੀ,ਅਕਬਰ ਅਤੇ ਬੀਰਬਲ ਦੀ ਕੋਈ ਹੋਰ ਪ੍ਰੇਰਣਾਦਾਇਕ ਗੱਲ-ਬਾਤ ਜਮਾਤ ਵਿੱਚ ਸੁਣਾਉਣਗੇ। | **ਵਿਦਿਆਰਥੀ**<br>- ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>-ਜਲ ਦੀ ਸੰਭਾਲ ਬਾਰੇ ਜਾਗਰੂਕ ਹੁੰਦੇ ਹਨ। | -ਕਵਿਤਾ ਵਿੱਚ ਆਏ ਵਿਚਾਰਾਂ ਤੋਂ ਜਾਣੂੰ ਕਰਾਉਣਾ।<br>- 'ਜਲ ਪ੍ਰਦੂਸ਼ਣ' ਉੱਤੇ ਡਰਾਇੰਗ ਬਣਵਾਉਣਾ। |

| **ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਸਿੱਖਣ ਉਦੇਸ਼** | **ਸਿੱਖਣ ਨਤੀਜੇ (ਸੁਝਾਤਮਕ)** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-14**<br>**ਰੁੱਖਾਂ ਨੂੰ ਗਲਵੱਕੜੀ**<br>**(ਲੇਖ)** | ਭਾਰਤ ਵਿੱਚ ਵੱਖ-ਵੱਖ ਸਮੇਂ 'ਤੇ ਰੁੱਖਾਂ ਨੂੰ ਬਚਾਉਣ ਲਈ ਚਲਾਈਆਂ ਗਈਆਂ ਮੁਹਿੰਮਾਂ ਖਾਸ ਕਰਕੇ ਬਿਸ਼ਨੋਈ ਸਮਾਜ ਅਤੇ ਪਹਾੜੀ ਲੋਕਾਂ ਦੁਆਰਾ ਕੀਤੇ ਯਤਨਾਂ ਅਤੇ 'ਚਿਪਕੋ ਲਹਿਰ' ਦੀ ਸਫ਼ਲਤਾ ਬਾਰੇ ਜਾਣਕਾਰੀ ਹੈ। | **ਛੇਵੀਂ-**<br>ਵਾਕ ਬਣਾਉ।<br>**ਸੱਤਵੀਂ-**<br>ਵਾਕ ਬਣਾਉ।<br>**ਅੱਠਵੀਂ-** ਵਾਕ ਬਣਾਉ। | -ਵਿਦਿਆਰਥੀ ਚਿਪਕੋ ਅੰਦੋਲਨ ਬਾਰੇ ਜਾਣਕਾਰੀ ਹਾਸਲ ਕਰਨਗੇ।<br>-ਵਿਦਿਆਰਥੀ ਰੁੱਖ ਲਗਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਕਰਨ ਦੀ ਪ੍ਰੇਰਣਾ ਹਾਸਲ ਕਰਨਗੇ। | **ਵਿਦਿਆਰਥੀ**<br>-ਪਾਠ ਵਿੱਚ ਆਏ ਵਿਚਾਰਾਂ ਤੋਂ ਜਾਣੂੰ ਹੁੰਦੇ ਹਨ।<br>-ਰੁੱਖਾਂ ਦਾ ਜੀਵਨ ਵਿੱਚ ਮਹੱਤਵ ਸਮਝਦੇ ਹਨ। | -ਰੁੱਖਾਂ ਦੀ ਸੰਭਾਲ ਬਾਰੇ ਚਰਚਾ ਕਰਵਾਉਣੀ।<br>-ਪ੍ਰਦੂਸ਼ਣ ਵਿਸ਼ੇ ਉੱਤੇ ਪ੍ਰਸ਼ਨੋਤਰੀ ਕਰਵਾਉਣੀ। |
| **ਪਾਠ-17**<br>**ਨਿਰਭਉ**<br>**(ਕਹਾਣੀ)** | ਇਸ ਕਹਾਣੀ ਰਾਹੀਂ ਅੰਧਵਿਸ਼ਵਾਸਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ। | **ਛੇਵੀਂ-**<br>ਨਾਂਵ ਸ਼ਬਦਾਂ ਦੀ ਪਛਾਣ ਕਰਨਾ।<br>**ਸੱਤਵੀਂ-**ਨਾਂਵ,ਪੜਨਾਂਵ ਅਤੇ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ।<br>**ਅੱਠਵੀਂ-**<br>ਕਾਰਕ ਸੰਬੰਧੀ ਵਿਹਾਰਕ ਪ੍ਰਸ਼ਨ। | -ਵਿਦਿਆਰਥੀ ਅੰਧਵਿਸ਼ਵਾਸਾਂ ਤੋਂ ਦੂਰ ਰਹਿਣ ਬਾਰੇ ਪ੍ਰੇਰਿਤ ਹੋਣਗੇ ।<br>-ਵਿਦਿਆਰਥੀ ਤਰਕ ਸਹਿਤ ਆਪਣੀ ਗੱਲ ਦੂਜਿਆਂ ਸਾਹਮਣੇ ਰੱਖਣਾ ਸਿੱਖਣਗੇ। | **ਵਿਦਿਆਰਥੀ**<br>-ਅੰਧ-ਵਿਸ਼ਵਾਸਾਂ ਪ੍ਰਤੀ ਜਾਗਰੂਕ ਹਨ।<br>-ਕਾਰਕ ਸੰਬੰਧੀ ਵਰਕਸ਼ੀਟ ਹਲ ਕਰਦੇ ਹਨ। | - ਦੋ ਵਿਦਿਆਰਥੀਆਂ ਦਾ ਜੁੱਟ ਬਣਵਾ ਕੇ ਉਹਨਾਂ ਨੂੰ ਜਮਾਤ ਨੂੰ ਅੰਧ-ਵਿਸ਼ਵਾਸਾਂ ਪ੍ਰਤੀ ਜਾਗਰੂਕ ਕਰਨ ਲਈ ਆਪਸ ਵਿੱਚ ਵਿਚਾਰ ਚਰਚਾ ਕਰਕੇ ਕੱਢੇ ਗਏ ਸਿੱਟੇ ਨੂੰ ਜਮਾਤ ਵਿੱਚ ਸਾਂਝਾ ਕਰਨ ਦਾ ਮੌਕਾ ਦੇਣਾ।<br>-ਵੱਖ-ਵੱਖ ਵਿਆਕਰਨ ਸ਼੍ਰੇਣੀਆਂ ਸੰਬੰਧੀ ਵਰਕਸ਼ੀਟ ਦੇ ਕੇ ਵਿਆਕਰਨ ਦਾ ਵਿਹਾਰਕ ਗਿਆਨ ਦੇਣਾ। |

| ਮਾਣਕ-ਮਾਲਾ<br>ਭਾਗ-3<br>(ਪਾਠ ਸੰਖਿਆ ਅਤੇ ਨਾਂ) | ਵਿਸ਼ਾ ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-19**<br>**ਆਈ ਏ ਬਸੰਤ**<br>**(ਕਵਿਤਾ)** | ਬਸੰਤ ਰੁੱਤ ਦੇ ਸੁਹਾਵਣੇ ਦ੍ਰਿਸ਼,ਵਾਤਾਵਰਨ ਵਿੱਚ ਬਦਲਾਵ ਅਤੇ ਲੋਕਾਂ ਵਿੱਚ ਨਵੀਂ ਉਮੰਗ ਦਾ ਚਿਤਰਨ ਕੀਤਾ ਗਿਆ ਹੈ। | **ਛੇਵੀਂ, ਸੱਤਵੀਂ, ਅੱਠਵੀਂ-**<br>ਵਾਕ ਬਣਾਉ। | -ਵਿਦਿਆਰਥੀ ਕਵਿਤਾ ਦਾ ਆਦਰਸ਼ ਵਾਚਨ ਕਰਕੇ ਕਵਿਤਾ ਦਾ ਆਨੰਦ ਮਾਣਨਗੇ।<br>-ਬਸੰਤ ਰੁੱਤ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਹਾਸਲ ਕਰਨਗੇ। | **ਵਿਦਿਆਰਥੀ**<br>**-** ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>**-**ਰੁੱਤਾਂ ਦਾ ਜੀਵਨ ਵਿੱਚ ਮਹੱਤਵ ਸਮਝਦੇ ਹਨ। | **-**ਵੱਖ-ਵੱਖ ਰੁੱਤਾਂ ਦਾ ਚਾਰਟ ਦਿਖਾ ਕੇ ਰੁੱਤਾਂ ਬਾਰੇ ਜਾਣਕਾਰੀ ਦੇਣਾ।<br>**-**ਬਸੰਤ ਰੁੱਤ ਬਾਰੇ ਚਿੱਤਰ ਦੇ ਕੇ ਵਰਨਣ ਕਰਾਉਣਾ। |
| **ਪਾਠ-22**<br>**ਜੰਗਲਮ-ਮੰਗਲਮ**<br>**(ਇਕਾਂਗੀ)** | ਇਹ ਇਕਾਂਗੀ ਮਨੁੱਖ ਦੁਆਰਾ ਆਪਣੇ ਲਾਭ ਲਈ ਜੰਗਲ ਕੱਟਣੇ ਅਤੇ ਜੰਗਲੀ ਜੀਵਾਂ ਨੂੰ ਬੇਘਰ ਕਰਨ ਬਾਰੇ ਹੈ। ਇਸਦੇ ਪ੍ਰਤਿਕ੍ਰਮ ਵਜੋਂ ਜਾਨਵਰਾਂ ਦੁਆਰਾ ਇਸ ਸਮੱਸਿਆ ਦੇ ਹੱਲ ਲੱਭਣ ਤੇ ਮਨੁੱਖ ਨੂੰ ਇਨਸਾਨੀਅਤ ਸਿਖਾਉਣ ਬਾਰੇ ਉਪਰਾਲੇ ਕਰਨ ਅਤੇ ਮਨੁੱਖ ਦੁਆਰਾ ਖੁਦ ਉਹਨਾਂ ਦੇ ਉਪਰਾਲੇ ਵਿੱਚ ਸ਼ਾਮਲ ਹੋਣ ਬਾਰੇ ਵਰਨਣ ਹੈ। | **ਛੇਵੀਂ-**<br>ਵਾਕ ਬਣਾਉ।<br>ਵਚਨ, ਲਿੰਗ ਬਦਲੋ।<br>**ਸੱਤਵੀਂ-**<br>ਵਾਕ ਬਣਾਉ।<br>ਵਚਨ, ਲਿੰਗ ਬਦਲੋ।<br>**ਅੱਠਵੀਂ-**<br>ਵਾਕ ਬਣਾਉ।<br>ਵਚਨ, ਲਿੰਗ ਬਦਲੋ। | -ਵਿਦਿਆਰਥੀ ਇਕਾਂਗੀ ਵਿਧਾ ਤੋਂ ਜਾਣੂ ਹੋਣਗੇ।<br>-ਜੰਗਲ ਕੱਟਣ ਦੇ ਨੁਕਸਾਨ ਬਾਰੇ ਜਾਗਰੂਕ ਹੋਣਗੇ।<br>ਜੰਗਲੀ ਜਾਨਵਰਾਂ ਦੀਆਂ ਕੁਝ ਦਿਲਚਸਪ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵਾਤਾਵਰਨ ਸਮਤੋਲ ਲਈ ਮਨੁੱਖਾਂ ਅਤੇ ਜਾਨਵਰਾਂ ਦੀ ਸਮਾਨ ਭੂਮਿਕਾ ਬਾਰੇ ਜਾਗਰੂਕ ਹੋ ਸਕਣਗੇ। | **ਵਿਦਿਆਰਥੀ**<br>**-**ਇਕਾਂਗੀ ਦੀ ਵਿਧਾ ਸਮਝਦੇ ਹਨ।<br>**-**ਮਨੁੱਖ ਅਤੇ ਕੁਦਰਤ ਦੇ ਸਮਤੋਲ ਨੂੰ ਸਮਝਦੇ ਹਨ।<br>**-**ਵੱਖ-ਵੱਖ ਜਾਨਵਰਾਂ ਦੀਆਂ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਹਾਸਲ ਕਰਦੇ ਹਨ। | **-**ਇਕਾਂਗੀ ਵਿੱਚ ਆਏ ਪਾਤਰਾਂ ਦੇ ਆਧਾਰ ‘ਤੇ ਵਿਦਿਆਰਥੀਆਂ ਨੂੰ ਪਾਤਰ ਬਣਾਉਂਦੇ ਹੋਏ ਇਕਾਂਗੀ ਪੜ੍ਹਾਉਣਾ ਅਤੇ ਜਮਾਤ ਜਾਂ ਸਵੇਰ ਸਭਾ ਵਿੱਚ ਲਘੂ ਨਾਟਕ ਪੇਸ਼ ਕਰਨਾ।<br>-ਇਕਾਂਗੀ ਵਿੱਚ ਆਏ ਮਨਪਸੰਦ ਜਾਨਵਰ ਪਾਤਰ ਉੱਤੇ ਅਧਾਰਤ ਕੋਈ ਸਕਿੱਟ/ਨਕਲ ਪੇਸ਼ ਕਰਨ ਲਈ ਉਤਸਾਹਤ ਕਰਨਾ। |

| ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ) | ਵਿਸ਼ਾ ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਸਮੇਂ ਦਾ ਮਹੱਤਵ<br>ਪੱਤਰ- ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ।<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | ਵਿਦਿਆਰਥੀ<br>-ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਆਕਰਨਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ ਅਤੇ ਅਭਿਆਸ ਕਰਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਦਫ਼ਤਰੀ ਅਤੇ ਨਿੱਜੀ ਪੱਤਰ ਦੇ ਫਾਰਮੇਟ ਦਾ ਅੰਤਰ ਸਮਝਾਉਣਾ।<br>-ਵੱਖ-ਵੱਖ ਵਿਆਕਰਨ ਸ਼੍ਰੇਣੀਆਂ ਦਾ ਵਾਰ-ਵਾਰ ਅਭਿਆਸ ਕਰਾਉਣਾ। |

- **ਉਪਰੋਕਤ ਪਾਠਕ੍ਰਮ 31 ਜਨਵਰੀ 2025 ਤੱਕ ਪੂਰਾ ਕਰ ਲਿਆ ਜਾਵੇ।**
- **ਪਾਠਕ੍ਰਮ ਪੂਰਾ ਹੋਣ ਉਪਰੰਤ ਦੁਹਰਾਈ ਕਰਵਾਈ ਜਾਵੇ।**
- **ਸਲਾਨਾ ਪ੍ਰੀਖਿਆ ਵਿੱਚ ਪੂਰੇ ਪਾਠਕ੍ਰਮ ਦਾ ਮੁਲਾਂਕਣ ਕੀਤਾ ਜਾਵੇਗਾ।**

*ਨੋਟ- ਪਾਠ-1 ਕਿੰਨਾ ਸੁਹਣਾ ਦੇਸ ਇਹ ਸਾਡਾ (ਗੀਤ), ਪਾਠ-2 ਸਬਕ (ਕਹਾਣੀ), ਪਾਠ-3 ਪੋਗਲ (ਲੇਖ), ਪਾਠ-22 ਜੰਗਲਮ-ਮੰਗਲਮ (ਇਕਾਂਗੀ) ਪਾਠਾਂ ਦਾ ਸਲਾਨਾ ਪ੍ਰੀਖਿਆ ਵਿੱਚ ਮੁਲਾਂਕਣ ਨਹੀਂ ਕੀਤਾ ਜਾਵੇਗਾ।